## ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ

ਹੁਕਮ ਨੰ:: (1222 ਅ 3) 8/284-14 ਅ 3(2) (ਕੋ:ਸ:-4)
ਮਿਤੀ :: 05-05-2015

ਸ਼੍ਰੀਮਤੀ ਕੁਲਦੀਪ ਕੌਰ, ਡੀ.ਪੀ.ਈ, ਸਰਕਾਰੀ ਹਾਈ ਸਕੂਲ ਖੁਣ-ਖੁਣ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਵਿਖੇ ਤੈਨਾਤ ਹਨ, ਦੀ ਰਿਟਾਇਰਮੈਂਟ ਮਿਤੀ 31-10-14 ਨੂੰ ਹੈ/ਸੀ। ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ. 2/475-480 ਮਿਤੀ 08-10-2012 ਅਤੇ 22/02/2012-3 ਐਫ.ਪੀ.2/43 ਮਿਤੀ 22-01-2013 ਦੇ ਸੰਨਮੁੱਖ ਸੇਵਾਕਾਲ ਵਿਚ ਮਿਤੀ 01-11-14 ਤੋਂ ਮਿਤੀ 31-10-15 ਤੱਕ ਇਕ ਸਾਲ ਦਾ ਵਾਧਾ ਹੇਠ ਲਿਖੀਆਂ ਸ਼ਰਤਾਂ ਤਹਿਤ ਕੀਤਾ ਜਾਦਾ ਹੈ:-

1) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਕਰਮਚਾਰੀ ਦੀ ਤਨਖਾਹ ਆਦਿ ਲਈ, ਸਰਕਾਰ ਦੀ ਨੋਟੀਫਿਕੇਸ਼ਨ ਨੰ: 22/2/2012-3 ਐਫ.ਪੀ.2/469 ਮਿਤੀ 8-10-12, ਅਤੇ ਪੱਤਰ ਨੰ: 22/2/2012-3 ਐਫ.ਪੀ. 2/471-476 ਮਿਤੀ 20.09.2013 ਅਨੁਸਾਰ ਪੰਜਾਬ ਸਿਵਲ ਸਰਵਿਸਜ (ਪਹਿਲੀ ਸੋਧ) ਰੂਲਜ ਵਾਲਿਯੂਮ-1, ਪਾਰਟ-1, 2012 ਲਾਗੂ ਹੋਵੇਗੀ, ਜਿਸ ਅਨੁਸਾਰ ਰੂਲ 3.26 ਦੀ ਕਲਾਜ (ਏ) ਅਤੇ (ਬੀ) ਸੋਧੀ ਗਈ ਹੈ।

2) ਇਸ ਅਧਿਕਾਰੀ/ ਕਰਮਚਾਰੀ ਵਿਰੁੱਧ ਜੇਕਰ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇਨਕੁਆਰੀ/ ਕਰੀਮਿਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ ਤਾਂ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3 ਐਫ.ਪੀ.2/159 ਮਿਤੀ 30-10-14 ਅਤੇ ਪੱਤਰ ਨੰ:22/2/2012-3 ਐਫ.ਪੀ 2/3 ਮਿਤੀ 07-01-2015 ਦੇ ਸਨਮੁੱਖ ਸੇਵਾ ਕਾਲ ਦਾ ਇਹ ਵਾਧਾ ਰੱਦ ਸਮਝਿਆ ਜਾਵੇਗਾ/ ਲਾਗੂ ਨਹੀਂ ਹੋਵੇਗਾ।

3) ਵਾਧੇ ਲਈ ਆਪਸ਼ਨ ਦੇਣ ਉਪਰੰਤ, ਵਾਧੇ ਦਾ ਕੇਸ ਸਮਰੱਥ ਅਧਿਕਾਰੀ ਨੂੰ ਭੇਜਣ ਉਪਰੰਤ ਜਾਂ ਵਾਧਾ ਦਿੱਤੇ ਜਾਣ ਉਪਰੰਤ ਵੀ ਜੇਕਰ ਅਧਿਕਾਰੀ/ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਇਨਕੁਆਰੀ, ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਪੈਂਡਿੰਗ ਪਾਇਆ ਜਾਂਦਾ ਹੈ ਤਾਂ ਵੀ ਇਹ ਵਾਧਾ ਤੁਰੰਤ ਰੱਦ ਸਮਝਿਆ ਜਾਵੇਗਾ।

4) ਵਾਧੇ ਲਈ ਅਪਲਾਈ ਕਰਨ ਦੀ ਮਿਤੀ ਤੋਂ ਵਾਧੇ ਦੀ ਆਖਰੀ ਮਿਤੀ ਤੱਕ ਦੇ ਸਮੇਂ ਦੌਰਾਨ ਕਿਸੀ ਵੀ ਵੇਲੇ ਜੇਕਰ ਅਧਿਕਾਰੀ/ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਇਨਕੁਆਰੀ/ ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਦੀਆਂ ਪ੍ਰੋਸੀਡਿੰਗਸ ਸ਼ੁਰੂ ਹੁੰਦੀਆਂ ਹਨ ਤਾਂ ਵੀ ਸੇਵਾਕਾਲ ਵਿਚ ਦਿੱਤਾ ਇਹ ਵਾਧਾ ਰੱਦ ਸਮਝਿਆ ਜਾਵੇਗਾ।

5) ਵਧੇ ਹੋਏ ਸੇਵਾ ਕਾਲ ਦੌਰਾਨ ਪੱਦ ਉਨਤੀ ਦੀ ਅਸਾਮੀ ਉਪਲਬੱਧ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨਿਯਮਾਂ ਅਨੁਸਾਰ ਅਜਿਹੀ ਅਸਾਮੀ ਦੇ ਵਿਰੁੱਧ ਪੱਦ ਉਨਤੀ ਲਈ ਵਿਚਾਰੇ ਜਾਣ ਦਾ ਪਾਤਰ ਹੋਵੇਗਾ ਅਤੇ ਪੱਦ ਉਨਤ ਹੋਣ ਦੀ ਸੂਰਤ ਵਿਚ ਉਸਦੀ ਤਨਖਾਹ ਸਬੰਧਤ ਨਿਯਮਾਂ ਅਨੁਸਾਰ ਪੱਦ ਉਨਤੀ ਦਾ ਲਾਭ ਦਿੰਦੇ ਹੋਏ, ਨਿਸ਼ਚਿਤ ਕੀਤੀ ਜਾਵੇਗੀ।

6) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਨਰੀ ਲਾਭ ਉਸਦੇ ਸੇਵਾਕਾਲ ਵਿਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।

7) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।

8) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

9) ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ:22/2/2012-3 ਐਫ.ਪੀ-2/15 ਮਿਤੀ 23-01-2015 ਅਨੁਸਾਰ ਸਬੰਧਤ ਅਧਿਕਾਰੀ/ ਕਰਮਚਾਰੀ ਵਲੋਂ ਲਿਆ ਗਿਆ ਇਹ ਆਪਸ਼ਨਲ ਵਾਧਾ ਕਿਸੇ ਵੀ ਸਮੇਂ ਕੋਈ ਵੀ ਕਾਰਨ ਕਰਕੇ ਵਾਪਸ ਲਿਆ ਜਾ ਸਕਦਾ ਹੈ।

10) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਜਾਂ ਅਧਿਕਾਰੀ/ ਕਰਮਚਾਰੀ ਵਿਰੁੱਧ ਚੱਲ ਰਹੀ ਵਿਭਾਗੀ ਇਨਕੁਆਰੀ/ ਵਿਜੀਲੈਂਸ ਕੇਸ ਜਾਂ ਕਰੀਮਿਨਲ ਕੇਸ ਬਾਰੇ ਤੁਰੰਤ ਸੂਚਨਾ ਨਾ ਭੇਜੀ ਗਈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ ਸਕੂਲ ਮੁੱਖੀ ਦੀ ਹੋਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.) ਪੰਜਾਬ।

ਪਿੱਠ ਅੰਕਣ ਨੰ: ਉਕਤ/ 9447-49 ਮਿਤੀ :- 13/05/2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ ਨੂੰ ਉਨ੍ਹਾਂ ਦੇ ਪੱਤਰ ਨੰ: ਅ-1/2015/945 ਮਿਤੀ 31-03-15 ਦੇ ਹਵਾਲੇ ਵਿਚ।
2. ਮੁੱਖਅਧਿਆਪਕ ਸਰਕਾਰੀ ਹਾਈ ਸਕੂਲ ਖੁਣ-ਖੁਣ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ।
3. ਸ਼੍ਰੀਮਤੀ ਕੁਲਦੀਪ ਕੌਰ, ਡੀ.ਪੀ.ਈ, ਸਰਕਾਰੀ ਹਾਈ ਸਕੂਲ ਖੁਣ-ਖੁਣ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ